ਮਿੱਠੇ ਬੱਚੇ:- "ਮਿੱਠੇ ਬੱਚੇ :- ਇਸ ਗਿਆਨ ਵਿੱਚ ਗੰਭੀਰਤਾ ਦਾ ਗੁਣ ਧਾਰਣ ਕਰਨਾ ਜਰੂਰੀ ਹੈ, ਕਦੀ ਵੀ ਆਪਣਾ ਅਭਿਮਾਨ ਨਹੀਂ ਆਉਣਾ ਚਾਹੀਦਾ, ਮਾਤਾਵਾਂ ਦਾ ਰਿਗਾਰ੍ਡ ਰੱਖੋ"

ਪ੍ਰਸ਼ਨ:- ਸਭ ਬੱਚਿਆਂ ਦੇ ਪ੍ਰੀਤ ਬਾਪ ਦੀ ਆਸ ਕੀ ਹੈ? ਉਹ ਆਸ਼ ਪੂਰੀ ਕਦੋਂ ਕਰ ਸਕੋਂਗੇ?

ਉੱਤਰ:- ਬਾਪ ਦੀ ਆਸ਼ ਹੈ - ਬੱਚੇ ਇਵੇਂ ਦਾ ਪੁਰਸ਼ਾਰਥ ਕਰਨ ਜੋ ਨਰ ਤੋਂ ਨਰਾਇਣ ਬਣਕੇ ਦਿਖਾਉਣ। ਇਸਨਾਲ ਹੀ ਬਾਪ ਦਾ ਸ਼ੋ ਹੋਵੇਗਾ। ਅਜਿਹਾ ਸ਼ੋ ਨਿਕਲੋ ਜੋ ਬਾਪ ਦਾ ਵੀ ਗਾਇਨ ਹੋਵੇ ਤਾਂ ਬੱਚਿਆਂ ਦਾ ਵੀ ਗਾਇਨ ਹੋਵੇ। ਬਾਬਾ ਕਹੇ - ਬੱਚੇ, ਤੁਸੀਂ ਜੇਕਰ ਨਰ ਤੋਂ ਨਾਰਾਇਣ ਬਣੋਂਗੇ ਤਾਂ ਤੁਹਾਡਾ ਵੀ ਮੰਦਿਰ ਬਣੇਗਾ ਅਤੇ ਸਾਡਾ ਵੀ ਬਣੇਗਾ। ਇਵੇਂ ਦੇ ਪੂਜਯ ਬਣਨ ਦੇ ਲਈ ਫਾਲੋ ਫ਼ਾਦਰ। ਆਪਣੇ ਆਪ ਨਾਲ ਪ੍ਰਣ ਕਰੋ - ਅਸੀਂ ਪੂਰਾ ਹੀ ਫਾਲੋ ਕਰਾਂਗੇ।

ਗੀਤ:- ਜਿਸ ਦਿਨ ਸੇ ਮਿਲੇ ਹਮ ਤੁਮ...

ਓਮ ਸ਼ਾਂਤੀ। ਬੱਚੇ ਮਹਿਸੂਸ਼ ਕਰਦੇ ਹਨ - ਬੱਚਿਆਂ ਨੂੰ ਬਾਸ਼ਨਾਂ ਆਉਂਦੀ ਹੈ। ਤਾਂ ਜਰੂਰ ਅਸੀਂ ਨਵੀਂ ਦੁਨੀਆਂ ਦੇ ਲਈ ਸਭ ਨਵੀਆਂ ਗੱਲਾਂ ਸੁਣਾਉਂਦੇ ਹਾਂ। ਇਹ ਸਾਡੀ ਪ੍ਰੀਤ ਨਵੀਂ ਲੱਗਦੀ ਹੈ। ਹੋਰ ਕਿਸੇ ਦੀ ਪ੍ਰੀਤ ਸਮੁੱਖ ਪਰਮਪਿਤਾ ਪਰਮਾਤਮਾ ਦੇ ਨਾਲ ਹੁੰਦੀ ਹੀ ਨਹੀਂ। ਤਾਂ ਇਹ ਨਵੀਂ ਗੱਲ ਹੈ ਨਾ। ਤੁਸੀਂ ਜਾਣਦੇ ਹੋ ਬਾਬਾ ਪਤਿਤ - ਪਾਵਨ ਹਨ। ਪੁਰਾਣੀ ਦੁਨੀਆਂ ਨੂੰ ਪਤਿਤ, ਨਵੀਂ ਦੁਨੀਆਂ ਨੂੰ ਪਾਵਨ ਕਹਾਂਗੇ। ਤਾਂ ਤੁਹਾਡੀ ਪ੍ਰੀਤ ਨਵੀਂ ਦੁਨੀਆਂ ਨਾਲ ਲੱਗੇਗੀ। ਤੁਸੀਂ ਇਹ ਜਾਣਦੇ ਹੋ ਸਾਡੀ ਪ੍ਰੀਤ ਹੁਣ ਨਵੀਂ ਦੁਨੀਆਂ ਸਵਰਗ ਵਿੱਚ ਹੈ। ਉਸਨੂੰ ਸ਼ਿਵਾਲਾ ਕਿਹਾ ਜਾਂਦਾ ਹੈ, ਇਸ ਨੂੰ ਵੇਸ਼ਾਲਿਆ ਕਿਹਾ ਜਾਂਦਾ ਹੈ। ਬਰੋਬਰ ਇਹ ਵਿਕਾਰੀ ਮਨੁੱਖ ਹਨ। ਸਤਿਯੁਗ ਵਿੱਚ ਨਿਰਵਕਾਰੀ ਹਨ ਤਾਂ ਸ਼ਿਵਾਲਾ ਕਹਾਂਗੇ ਨਾ। ਸ਼ਵਬਾਬਾ ਹੀ ਇਵੇਂ ਨਿਰਵਿਕਾਰੀ ਦੁਨੀਆਂ ਸਥਾਪਨ ਕਰਦੇ ਹਨ। ਅਤੇ ਜਾਣਦੇ ਹੋ ਬਰੋਬਰ ਇਸ ਪੁਰਾਣੀ ਦੁਨੀਆਂ ਵਿੱਚ ਦੇਵਤਾਵਾਂ ਦੇ ਚਿੱਤਰ ਹਨ ਜੋ ਦੇਵਤੇ ਨਵੀਂ ਦੁਨੀਆਂ ਵਿੱਚ ਰਹਿਣ ਵਾਲੇ ਹਨ। ਭਾਰਤਵਾਸੀ ਤੇ ਸਭ ਭੁੱਲ ਗਏ ਹਨ ਉਹ ਤਾਂ ਹਿੰਦੁਸਤਾਨ ਕਹਿ ਦਿੰਦੇ ਹਨ। ਹਿੰਦੂਸਥਾਨ ਸਾਡਾ ਪਿਆਰਾ, ਹਾਂ ਜਰੂਰ ਪਿਆਰਾ ਸੀ। ਪਰ ਅਸਲ ਵਿੱਚ ਹਿੰਦੂਸਥਾਨ ਨਾਮ ਹੈ ਨਹੀਂ। ਭਾਰਤਖੰਡ ਕਿਹਾ ਜਾਂਦਾ ਹੈ। ਤਾਂ ਬੱਚੇ ਜਾਣਦੇ ਹਨ ਇਹ ਨਵੀਂਆਂ ਗੱਲਾਂ ਲਗਦੀਆ ਹਨ। ਅਜਿਹੀਆਂ ਗੱਲਾਂ ਕਦੀ ਨਹੀਂ ਸੁਣੀਆਂ। ਇਹ ਗਿਆਨ ਸਾਰੀ ਦੁਨੀਆਂ ਤੋਂ ਨਿਰਾਲਾ ਹੈ। ਭਾਰਤਵਾਸੀਆਂ ਦੇ ਮੰਦਿਰ ਵੀ ਬਹੁਤ ਹਨ। ਕ੍ਰਿਸ਼ਚਨ ਇੱਕ ਹੀ ਚਰਚ ਹੋਵੇਗੀ। ਫਿਰ ਕਰਕੇ ਵੱਖ - ਵੱਖ ਚਰਚ ਬਣਾਉਣਗੇ। ਸਤਿਯੁਗ ਵਿੱਚ ਤੇ ਕੋਈ ਮੰਦਿਰ ਨਹੀਂ ਹੁੰਦਾ ਕਿਉਂਕਿ ਚੇਤੰਨ ਦੇਵਤਾਵਾਂ ਦਾ ਰਾਜ ਚੱਲਦਾ ਹੈ। ਦੇਵਤੇ ਸ਼ਿਵਾਲਾ ਨਵੀਂ ਦੁਨੀਆਂ ਵਿੱਚ ਰਾਜ ਕਰਦੇ ਸਨ। ਤੁਸੀਂ ਜਾਣਦੇ ਹੋ ਹੁਣ ਅਸੀਂ ਨਵੀਂ ਦੁਨੀਆਂ ਵਿੱਚ ਜਾਂ ਰਹੇ ਹਾਂ। ਇਹ ਵੀ ਖਿਆਲ ਨਹੀਂ ਕਰਨਾ ਕਿ ਬਾਬਾ ਨੇ ਇਹ ਨਵਾਂ ਮਕਾਨ ਬਣਾਇਆ ਹੈ। ਅਸਲ ਵਿੱਚ ਪੁਰਾਣੀ ਦੁਨੀਆਂ ਵਿੱਚ ਇਹ ਵੀ ਪੁਰਾਣਾ ਹੀ ਹੈ। ਸਾਡੀ ਪ੍ਰੀਤ ਹੁਣ ਨਵੀਂ ਦੁਨੀਆਂ ਨਾਲ ਲੱਗੀ ਹੈ। ਆਤਮਾਵਾਂ ਦੀ ਪਰਮਾਤਮਾ ਦੇ ਨਾਲ ਪ੍ਰੀਤ ਲੱਗੀ ਹੈ, ਜੋ ਸਮੁੱਖ ਬੈਠੇ ਹਨ। ਮਨੁੱਖ ਸਮਝਦੇ ਹਨ - ਬ੍ਰਹਮਾਕੁਮਾਰ - ਕੁਮਾਰੀਆਂ ਦੀ ਬ੍ਰਹਮਾ ਨਾਲ ਪ੍ਰੀਤ ਲੱਗੀ ਹੈ। ਤੁਸੀਂ ਜਾਣਦੇ ਹੋ ਸਾਡੀ ਪ੍ਰੀਤ ਇੱਕ ਸ਼ਿਵਬਾਬਾ ਦੇ ਨਾਲ ਹੈ। ਦੂਸਰਾ ਨਾ ਕੋਈ। ਭਾਵੇਂ ਤੁਹਾਡਾ ਨਾਮ ਬੀ. ਕੇ. ਹੈ ਪਰ ਬ੍ਰਹਮਾ ਨਾਲ ਪ੍ਰੀਤ ਨਹੀਂ ਹੈ। ਇਹ ਬ੍ਰਹਮਾ ਤੇ ਦੇਹਧਾਰੀ ਹੈ ਨਾ। ਜਨਮ - ਮਰਨ ਵਿੱਚ ਆਉਂਦੇ ਹਨ। ਤੁਹਾਨੂੰ ਦੇਹ ਨਾਲ ਸੰਬੰਧ ਨਹੀਂ ਜੋੜਨਾ ਹੈ। ਉਹ ਗੁਰੂ ਲੋਕ ਵੀ ਆਪਣਾ ਨਾਮ ਰੱਖ ਦਿੰਦੇ ਹਨ - ਸਚਿਦਾਨੰਦ। ਪਰ ਸਤ -ਚਿਤ - ਆਨੰਦ ਸਵਰੂਪ ਤਾਂ ਇੱਕ ਪਰਮਾਤਮਾ ਨੂੰ ਕਿਹਾ ਜਾਂਦਾ ਹੈ। ਆਤਮਾ ਸਤ - ਚਿਤ - ਆਨੰਦ ਰੂਪ, ਸ਼ਾਂਤ ਰੂਪ, ਗਿਆਨ ਰੂਪ ਸੀ। ਹੁਣ ਤੁਸੀਂ ਫਿਰ ਤੋਂ ਇਸ ਸੰਗਮ ਤੇ ਬਣਦੇ ਹੋ। ਜਿਵੇਂ ਬਾਪ ਦੀ ਮਹਿਮਾ ਹੈ ਗਿਆਨ ਦਾ ਸਾਗਰ, ਸ਼ਾਂਤੀ ਦਾ ਸਾਗਰ… ਤੁਸੀਂ ਵੀ ਸਤ - ਚਿਤ - ਆਨੰਦ ਰੂਪ ਹੋ। ਬੀਜ਼ ਅਤੇ ਝਾੜ ਨੂੰ ਯਾਦ ਕਰਨ ਨਾਲ ਸਾਰਾ ਗਿਆਨ ਆ ਜਾਂਦਾ ਹੈ। ਬਰੋਬਰ 5 ਯੁਗ ਹਨ। ਹੁਣ ਹੈ ਸੰਗਮਯੁਗ। ਇਸ ਸੰਗਮਯੁਗ ਨੂੰ ਦੁਨੀਆਂ ਨਹੀਂ ਜਾਣਦੀ। ਕਰਕੇ ਪਤਾ ਵੀ ਹੋਵੇ ਪਰ ਡਿਟੇਲ ਵਿੱਚ ਨਹੀਂ ਜਾਣਦੇ ਕਿ ਸਤਿਯੁਗ ਵਿੱਚ ਕੌਣ ਰਾਜ ਕਰਦੇ ਸਨ? ਕਿਵੇਂ ਰਾਜ ਲਿਆ? ਤੁਸੀਂ ਹੁਣ ਰਾਜ ਲੈ ਰਹੇ ਹੋ। ਪੁਨਰਜਨਮ ਲੈਂਦੇ ਚੱਕਰ ਵਿੱਚ ਤਾਂ ਜਰੂਰ ਆਉਣਾ ਪਵੇ। ਸਦੈਵ ਸਵਰਗ ਵਿੱਚ ਕੋਈ ਰਹਿ ਨਾ ਸਕੇ। ਸਵਰਗ ਅਤੇ ਨਰਕ ਦੀ ਪਹਿਚਾਣ ਹੁਣ ਮਿਲੀ ਹੈ। ਹੁਣ ਕਲਿਯੁਗ ਹੈ ਫਿਰ ਸਤਿਯੁਗ ਜਰੂਰ ਹੋਵੇਗਾ। ਤਾਂ ਜਰੂਰ ਸੰਗਮ ਤੇ ਹੀ ਪਰਮਪਿਤਾ ਪਰਮਾਤਮਾ ਆਇਆ ਹੋਵੇਗਾ। ਉਹਨਾਂ ਦੀ ਮਹਿਮਾ ਹੀ ਵੱਖ ਹੈ। ਇਵੇਂ ਥੋੜੀ ਹੀ ਹੈ ਕਿ ਇੱਕ ਦੀ ਮਹਿਮਾ ਦੂਸਰੇ ਕਿਸੇ ਦੀ ਨਹੀਂ ਹੋ ਸਕਦੀ। ਹਰ ਇੱਕ ਦਾ ਕਰਤਵ ਆਪਣਾ, ਸੰਸਕਾਰ ਆਪਣੇ, ਇੱਕ ਨਾ ਮਿਲੇ ਦੂਸਰੇ ਨਾਲ। ਹਰ ਇੱਕ ਆਤਮਾ ਵਿੱਚ ਆਪਣਾ - ਆਪਣਾ ਪਾਰ੍ਹ ਹੈ। ਤੁਹਾਨੂੰ ਬੱਚਿਆਂ ਨੂੰ ਸਮਝਾਇਆ ਗਿਆ ਹੈ - ਆਤਮਾ 84 ਜਨਮ ਲੈਂਦੀ ਹੈ। ਤੁਸੀਂ ਨਵੀਆਂ ਗੱਲਾਂ ਸੁਣਦੇ ਹੋ। ਭਗਵਾਨੁਵਾਚ - ਮੈਂ ਰਾਜਯੋਗ ਸਿਖਾਕੇ ਤੁਹਾਨੂੰ ਰਾਜਾਵਾਂ ਦਾ ਰਾਜਾ ਮਤਲਬ ਨਰ ਤੋ ਨਾਰਾਇਣ, ਨਾਰੀ ਤੋਂ ਲਕਸ਼ਮੀ ਬਣਾਉਂਦਾ ਹਾਂ। ਬਾਬਾ ਪੁੱਛਦੇ ਵੀ ਹਨ ਤੁਸੀਂ ਸੂਰਜਵੰਸ਼ੀ ਨਾਰਾਇਣ ਬਣੋਂਗੇ ਜਾਂ ਚੰਦਰਵੰਸ਼ੀ ਰਾਮ ਬਣੋਂਗੇ? ਕਹਿੰਦੇ ਹਨ ਬਾਬਾ ਏਮ ਆਬਜੈਕਟ ਤਾਂ ਸੂਰਜਵੰਸ਼ੀ ਬਣਨ ਦੀ ਹੈ। ਨੰਬਰਵਨ ਤੇ ਹੁੰਦੇ ਹਨ ਨਾ। ਬੈਰਿਸਟਰ ਕੋਈ ਬਹੁਤ ਵਧੀਆ, ਕੋਈ ਹਲਕਾ ਹੁੰਦਾ ਹੈ। ਕੋਈ ਸਰਜਨ ਤਾਂ ਲੱਖਾਂ ਰੁਪਏ ਕਮਾਉਂਦੇ, ਕੋਈ ਬਹੁਤ ਥੋੜਾ ਕਮਾਉਂਦੇ। ਪੜ੍ਹਾਈ ਤੇ ਮਦਾਰ ਰਹਿੰਦਾ ਹੈ। ਤੁਹਾਡੇ ਵਿੱਚ ਵੀ ਕਈ ਤਾਂ ਬਹੁਤ ਕਮਾਈ ਵਾਲੇ ਬਣਨਗੇ, ਤਖ਼ਤ ਤੇ ਬੈਠਣਗੇ। ਇਹ ਬੜਾ ਬੇਹੱਦ ਦਾ ਈਸ਼ਵਰੀ ਕਾਲੇਜ ਹੈ। ਉਹਨਾਂ ਕਾਲਜਾਂ ਵਿੱਚ ਹੱਦ ਹੁੰਦੀ ਹੈ। ਇੰਨੇ ਪਾਸ ਹੋਣਗੇ, ਇਹ ਹੈ ਬੇਹੱਦ ਦਾ ਕਾਲੇਜ। ਤਾਂ ਤੁਸੀਂ

ਨਵੀਆਂ ਗੱਲਾਂ ਸੁਣਦੇ ਹੋ। ਹੁਣ ਤੁਸੀਂ ਸਮਝ ਰਹੇ ਹੋ - ਤੁਸੀਂ ਅਬਲਾਵਾਂ ਨੂੰ ਬਲ ਦੇਣ ਵਾਲਾ ਉਹ ਪਰਮਪਿਤਾ ਪਰਮਾਤਮਾ ਹੀ ਹੈ। ਜਾਣਦੇ ਹੋ ਪਰਮਾਤਮਾ ਬਾਪ ਕੋਲੋਂ ਸਾਨੂੰ ਕਿੰਨਾ ਬਲ ਮਿਲਦਾ ਹੈ। ਅਸੀਂ ਵਾਰਿਅਰਸ (ਸੈਨਾ) ਹਾਂ। ਯੁੱਧ ਦੇ ਮੈਦਾਨ ਵਿੱਚ ਖੜੇ ਹਾਂ। ਨਵੀਂ ਗੱਲ ਹੈ ਨਾ। ਗੀਤਾ ਵਿੱਚ ਪਾਂਡਵਾਂ ਅਤੇ ਕੌਰਵਾਂ ਦੀ ਲੜਾਈ ਦਿਖਾਈ ਹੈ ਪਰ ਲੜਾਈ ਦੀ ਤਾਂ ਗੱਲ ਹੈ ਨਹੀਂ। ਹਰ ਇੱਕ ਗੱਲ ਨਵੀਂ ਹੈ। ਸ਼੍ਰੀਕ੍ਰਿਸ਼ਨ ਤਾਂ ਨਵੀਂ ਦੁਨੀਆਂ ਦਾ ਅਲਫ ਹੈ। ਅਲਫ਼ ਤੋਂ ਲੈਕੇ ਸਭ ਨਵੀਆਂ ਗੱਲਾਂ ਹਨ। ਨਵੀਂ ਦੁਨੀਆਂ ਦਾ ਅਲਫ਼ ਹਨ ਲਕਸ਼ਮੀ - ਨਾਰਾਇਣ ਫਿਰ ਉਹਨਾਂ ਦੇ ਪਿੱਛੇ ਉਹਨਾਂ ਦੇ ਬੱਚੇ। ਤਾਂ ਲਕਸ਼ਮੀ - ਨਾਰਾਇਣ ਹਨ ਸਤਿਯੁਗੀ ਮਨੁੱਖ ਸ੍ਰਿਸ਼ਟੀ ਦੇ ਅਲਫ਼। ਇੱਥੇ ਮਨੁੱਖ ਸ੍ਰਿਸ਼ਟੀ ਦਾ ਰਚਿਯਤਾ ਅਲਫ਼ ਬ੍ਰਹਮਾ। ਪਹਿਲੇ - ਪਹਿਲੇ ਹਨ ਪਰਮਪਿਤਾ ਪਰਮਾਤਮਾ ਅਲਫ਼। ਪਿੱਛੇ ਬ੍ਰਹਮਾ ਨੂੰ ਅਲਫ਼ ਬਣਾਉਂਦੇ ਹਨ। ਫਿਰ ਲਕਸ਼ਮੀ - ਨਰਾਇਣ ਨੂੰ ਅਲਫ਼ ਬਣਾਉਂਦੇ ਹਨ। ਇੱਥੇ ਤੁਸੀਂ ਬ੍ਰਾਹਮਣ ਕੁਲ ਦੇ ਹੋ। ਬ੍ਰਾਹਮਣ ਕੁਲ ਦਾ ਵੱਡਾ ਬ੍ਰਹਮਾ ਹੀ ਗਾਇਆ ਜਾਂਦਾ ਹੈ। ਬ੍ਰਾਹਮਣ ਤਾਂ ਭਾਵੇਂ ਉਹ ਵੀ ਹਨ ਪਰ ਬ੍ਰਹਮਾਕੁਮਾਰ - ਕੁਮਾਰੀਆ ਨਾਮ ਕਦੀ ਨਹੀਂ ਸੁਣਿਆ ਹੈ। ਗੀਤਾ ਵਿੱਚ ਵੀ ਇਹ ਨਾਮ ਨਹੀਂ ਹੈ। ਤਾਂ ਨਵੀ ਗੱਲ ਹੈ ਨਾ। ਭਾਰਤ ਨੂੰ ਹਿੰਦੂਸਥਾਨ ਕਹਿਣ ਕਾਰਨ ਹਿੰਦੂ ਧਰਮ ਕਹਿ ਦਿੰਦੇ ਹਨ। ਆਪਣੇ ਪ੍ਰਾਚੀਨ ਧਰਮ ਦੀ ਪਹਿਚਾਣ ਨਹੀਂ ਹੈ। ਜਿਵੇਂਕਿ ਦੇਵਤਾ ਧਰਮ ਹੈ ਹੀ ਨਹੀਂ। ਆਪਣੇ ਧਰਮ ਨੂੰ ਨਾ ਜਾਨਣਾ ਦੇ ਕਾਰਨ ਕਹਿੰਦੇ ਹਨ ਸਭ ਧਰਮ ਇੱਕ ਹੀ ਹਨ। ਭਾਵੇਂ ਸਭ ਧਰਮ ਇੱਥੇ ਰਹਿ ਸਕਦੇ ਹਨ, ਜਿਸਨੂੰ ਚਾਹੋ ਸੋ ਰਹੇ, ਫ੍ਰੀ ਹੈ। ਸਭ ਧਰਮਾਂ ਨੂੰ ਮਾਨ ਦਿੰਦੇ ਹਨ। ਕੋਈ ਵੀ ਧਰਮ ਵਾਲਾ ਆਕੇ ਰਹਿ ਸਕਦਾ ਹੈ। ਬਾਹਰ ਵਿੱਚ ਦੇਖੋ ਉਹ ਦੂਸਰੇ ਧਰਮ ਵਾਲਿਆਂ ਨੂੰ ਨਿਕਾਲਦੇ ਰਹਿੰਦੇ ਹਨ। ਸਿਲਾਨ, ਬਰਮਾ ਆਦਿ ਤੋਂ ਇੰਡੀਅਨ ਨੂੰ ਨਿਕਲਾਦੇ ਰਹਿੰਦੇ ਹਨ। ਭਾਰਤ ਤਾਂ ਅਸਲ ਵਿੱਚ ਪ੍ਰਾਚੀਨ ਦੇਵੀ - ਦੇਵਤਾ ਧਰਮ ਵਾਲਾ ਹੈ। ਪਰ ਉਹ ਤਾਂ ਕਹਿੰਦੇ ਹਨ ਕੋਈ ਵੀ ਆਕੇ ਰਹੇ। ਸਭ ਇਕੱਠੇ ਤਾਂ ਰਹਿ ਨਾ ਸਕਣ। ਜਿੱਥੇ - ਕਿੱਥੇ ਧਰਮਾਂ ਦੀ ਬਹੁਤ ਖਿਟਪਿਟ ਹੈ। ਕਹਿੰਦੇ ਹਨ ਭਾਰਤ ਹੀ ਸਭ ਧਰਮਾਂ ਨੂੰ ਏਸ਼ਲਮ ਦਵੇਗਾ, ਇਸਲਈ ਭਾਰਤ ਦੀ ਮਹਿਮਾ ਹੈ। ਹੁਣ ਤੁਸੀਂ ਸਭ ਨਵੀਆ ਗੱਲਾਂ ਸੁਣਦੇ ਹੋ। ਇਸ ਸਮੇਂ ਭਾਰਤ ਵਿੱਚ ਦੇਵੀ - ਦੇਵਤਾ ਧਰਮ ਦ ਕੋਈ ਹੈ ਨਹੀਂ। ਅਸੀਂ ਉਸ ਨਵੀਂ ਦੁਨੀਆਂ ਦੇ ਲਈ ਪੁਰਸ਼ਾਰਥ ਕਰ ਰਹੇ ਹਾਂ। ਸ਼ਿਵਬਾਬਾ ਸਵਰਗ ਰਚਦੇ ਹਨ। ਉਵੇਂ ਤਾਂ ਬ੍ਰਹਮਾ ਦੀ ਸੰਤਾਨ ਸਭ ਹਨ ਪਰ ਬ੍ਰਾਹਮਣ ਖਾਸ ਗਾਏ ਹੋਏ ਹਨ। ਉਹਨਾਂ ਨੂੰ ਕਦੋਂ ਰਚਿਆ? ਜਰੂਰ ਸੰਗਮ ਤੇ ਰਚਿਆ। ਵਰਨ ਵੀ ਚੰਗੀ ਤਰ੍ਹਾਂ ਦਿਖਾਉਂਦੇ ਹਨ। ਅਸੀਂ ਬ੍ਰਾਹਮਣ ਚੋਟੀ ਫਿਰ ਦੇਵਤਾ, ਸ਼ਤ੍ਰੀ, ਵੈਸ਼, ਸ਼ੂਦ੍ਰ ਬਣਦੇ ਹਾਂ। ਤਾਂ ਇਹ ਗਿਆਨ ਬੜਾ ਗੁਹੀਏ ਰਮਣੀਕ ਹੈ। ਮੁਸ਼ਕਿਲ ਕਿਸਦੀ ਬੁੱਧੀ ਵਿੱਚ ਬੈਠਦਾ ਹੈ।

ਤੁਸੀਂ ਬੱਚੇ ਇਸ ਗਿਆਨ ਨੂੰ ਚੰਗੀ ਤਰ੍ਹਾਂ ਧਾਰਨ ਕਰੋ, ਕਦੀ ਵੀ ਬ੍ਰਾਹਮਣੀ ਨਾਲ ਰੁਸਣਾ ਨਹੀਂ। ਰੂਸ ਕੇ ਪੜ੍ਹਾਈ ਨੂੰ ਨਹੀਂ ਛੱਡਣਾ ਹੈ। ਨਹੀਂ ਤਾਂ ਰਸਾਤਲ ਵਿੱਚ ਚਲੇ ਜਾਵੋਗੇ। ਬਾਪ ਆਇਆ ਹੈ ਸੁਣਾਉਣਾ ਤਾਂ ਸੁਣਨਾ ਚਾਹੀਦਾ ਹੈ। ਭਗਤੀ ਮਾਰਗ ਵਿੱਚ ਕਿੰਨਾ ਨਿਯਮ ਹੁੰਦਾ ਹੈ ਗੀਤਾ ਸੁਣਨ ਦਾ, ਉਹ ਪੂਰੇ ਨੇਮ ਨਾਲ ਸੁਣਦੇ ਹਨ। ਮੰਦਿਰ ਵਿੱਚ ਵੀ ਨੇਮ ਪੂਰਵਕ ਜਾਂਦੇ ਹਨ। ਰੋਜ਼ ਪੱਕਾ ਨੇਮ ਰੱਖਦੇ ਹਨ। ਤੁਹਾਡਾ ਨੇਮ ਤਾਂ ਬੜਾ ਕੜਾ ਹੈ। ਇੱਕ ਘੜੀ ਅੱਧੀ ਘੜੀ …ਫਿਰ ਵਧਾਉਂਦੇ ਰਹਿਣਾ ਹੈ। ਬਾਬਾ ਨੂੰ ਯਾਦ ਕਰਨ ਨਾਲ ਬੁੱਧੀ ਦਾ ਤਾਲਾ ਖੁਲ੍ਹੇਗਾ। ਵਿਚਾਰ ਸਾਗਰ ਮੰਥਨ ਕੋਈ ਸ਼ਿਵਬਾਬਾ ਨਹੀਂ ਕਰਦੇ ਹਨ, ਉਹਨਾਂ ਨੂੰ ਲੋੜ ਹੀ ਨਹੀਂ ਵਿਚਾਰ ਸਾਗਰ ਮੰਥਨ ਦੀ। ਤੁਹਾਨੂੰ ਲੋੜ ਰਹਿੰਦੀ ਹੈ - ਕਿਸਨੂੰ ਕਿਵੇਂ ਸਮਝਾਵੇਂ? ਤਾਂ ਕਦੀ ਵੀ ਰੁੱਸਣਾ ਨਹੀਂ ਚਾਹੀਦਾ ਹੈ। ਇੱਕ ਦੋ ਦਾ ਰਿਗਾਰ੍ਡ ਰੱਖਣਾ ਚਾਹੀਦਾ ਹੈ। ਕਈ ਬੱਚਿਆਂ ਨੂੰ ਮਹਾਰਥੀਆਂ ਦਾ ਰਿਗਾਰ੍ਡ ਰੱਖਣਾ ਆਉਂਦਾ ਨਹੀਂ। ਬ੍ਰਹਮਣੀਆਂ ਜੋ ਹਨ ਉਹ ਫਿਰ ਵੀ ਮੁਖ ਹਨ। 10 -12 ਨੂੰ ਆਪ ਸਮਾਨ ਤਾਂ ਬਣਾਉਂਦੀਆਂ ਹਨ ਨਾ। ਤਾਂ ਉਹਨਾਂ ਦਾ ਰਿਗਾਰ੍ਡ ਰੱਖਣਾ ਪਵੇ। ਤੁਸੀਂ ਜਿਵੇਂਕਿ ਸ਼ਿਵਬਾਬਾ ਦੇ ਏਜੈਂਟ ਹੋ। ਸਭ ਏਜੇਂਟਸ ਇੱਕ ਵਰਗੇ ਤਾਂ ਨਹੀਂ ਹੁੰਦੇ ਹਨ। ਨੰਬਰਵਾਰ ਹੁੰਦੇ ਹਨ ਫਿਰ ਵੀ ਏਜੇਂਟ੍ਸ ਤਾਂ ਹਨ ਨਾ। ਕਈ ਤਾਂ ਚੰਗੀ ਤਰ੍ਹਾਂ ਧਾਰਨਾ ਕਰਦੇ ਹਨ। ਰਾਤ - ਦਿਨ ਸਰਵਿਸ ਵਿੱਚ ਤੱਤਪਰ ਰਹਿੰਦੇ ਹਨ। ਸ਼ਿਵਬਾਬਾ ਵੀ ਇੱਥੇ ਸਰਵਿਸ ਤੇ ਆਏ ਹਨ ਨਾ। ਬਾਬਾ ਕਹਿੰਦੇ ਹਨ ਮੈਂ ਡਬਲ ਕੰਮ ਕਰਦਾ ਹਾਂ। ਭਗਤਾਂ ਦੀ ਵੀ ਸਰਵਿਸ ਕਰਦਾ ਹਾਂ। ਤੁਸੀਂ ਜਾਣਦੇ ਹੋ ਸਾਰੀ ਦੁਨੀਆਂ ਵਿੱਚ ਸਾਕਸ਼ਾਤਕਾਰ ਕਰਾਂਉਣ ਦਾ ਕਰਤਵ ਕੌਣ ਕਰਦੇ ਹਨ? ਭਾਵੇਂ ਡਰਾਮੇ ਵਿੱਚ ਪਹਿਲੇ ਤੋਂ ਨੂੰਧ ਹੈ। ਉਸ ਵੇਲੇ ਸਾਖਸ਼ਾਤਕਾਰ ਹੁੰਦਾ ਹੈ। ਸਮਝਦੇ ਹਨ ਗੌਡ ਫਾਦਰ ਨੇ ਦਿਵਿਯ ਦ੍ਰਿਸ਼ਟੀ ਨਾਲ ਸਾਖਸ਼ਾਤਕਾਰ ਕਰਵਾਇਆ, ਜਿੱਥੇ - ਕਿੱਥੇ ਸਾਖਸ਼ਾਤਕਾਰ ਹੁੰਦੇ ਹਨ। ਇਹ ਸਾਖਸ਼ਾਤਕਾਰ ਵੀ ਡਰਾਮੇ ਵਿੱਚ ਨੂੰਧ ਹਨ, ਇਸ ਵਿੱਚ ਬੜੀ ਵਿਸ਼ਾਲ ਬੁੱਧੀ ਚਾਹੀਦੀ ਹੈ। ਇਹ ਹਨ ਨਵੀਆਂ ਗੱਲਾਂ। ਸ੍ਰਿਸ਼ਟੀ ਦਾ ਚੱਕਰ ਬੁੱਧੀ ਵਿੱਚ ਫਿਰਨਾ ਚਾਹੀਦਾ ਹੈ। ਕੋਈ - ਕੋਈ ਦਾ ਇਹ ਸਵਦਰਸ਼ਨ ਚਕ੍ਰ ਚੰਗਾ ਤਿੱਖਾ ਫਿਰਦਾ ਹੈ, ਕਿਸੇ ਦਾ ਘੱਟ। ਤੁਸੀਂ ਸਵਦਰਸ਼ਨ ਚੱਕਰਧਾਰੀ ਹੋ। ਸਰਵਿਸ ਦੇ ਲਈ ਬੁੱਧੀ ਚਲਦੀ ਰਹੇਗੀ ਨੰਬਰਵਾਰ। ਕਿਸੇ ਦਾ ਤਾਂ ਸਵਦਰਸ਼ਨ ਚੱਕਰ ਫਿਰਦਾ ਹੀ ਨਹੀਂ। ਹਵਾ ਤਾਂ ਲਗਦੀ ਹੈ ਪਰ ਕਿਸੇ ਦਾ ਬਹੁਤ ਤਿੱਖਾ ਫਿਰਦਾ ਹੈ, ਕਿਸੇ ਦਾ ਘੱਟ ਫਿਰਦਾ ਹੈ। ਕਿਸੇ ਦਾ ਤੇ ਬਿਲਕੁਲ ਫਿਰਦਾ ਹੀ ਨਹੀਂ। ਸਵਦਰਸ਼ਨ ਚਕ੍ਰ ਨਹੀਂ ਫਿਰੇਗਾ ਤਾਂ ਬਾਕੀ ਕੀ ਪਦਵੀ ਪਾਉਣਗੇ? ਤਾਂ ਇਹ ਨਵੀਆਂ ਗੱਲਾਂ ਹੋਇਆ ਨਾ। ਬਾਪ ਸਮਝਾਉਂਦੇ ਰਹਿੰਦੇ ਹਨ ਵਰਸਾ ਲੈਣਾ ਹੈ ਤਾਂ ਹੁਣ ਲਵੋ। ਨਹੀਂ ਤਾਂ ਫਿਰ ਪਛਤਾਵੋਗੇ, ਰੋਵੋਂਗੇ। ਟੀਚਰ ਦਾ ਸ਼ੋ ਕਰਨਾ ਹੈ ਨਾ। ਇਹ ਕਿੰਨਾ ਵੱਡਾ ਕਾਲੇਜ ਹੈ। ਚੰਗੀ ਤਰ੍ਹਾਂ ਪੜ੍ਹਦੇ ਹਨ ਤਾਂ ਪਦਵੀ ਵੀ ਚੰਗੀ ਪਾਉਂਦੇ ਹਨ। ਪ੍ਰਣ ਕਰਨਾ ਚਾਹੀਦਾ ਹੈ - ਅਸੀਂ ਪੂਰਾ ਫਾਲੋ ਕਰਾਂਗੇ। ਫਾਲੋ ਮਦਰ - ਫਾਦਰ। ਇਵੇਂ ਵੀ ਨਹੀਂ ਹੈ ਕਿ ਬੈਰਿਸਟਰ ਦਾ ਬੱਚਾ ਬੈਰਿਸਟਰ ਹੀ ਬਣੇਗਾ। ਨਹੀਂ। ਕੋਈ ਡਾਕਟਰ ਬਣੇਗਾ, ਕੋਈ ਇੰਜੀਨੀਅਰ, ਕਈ ਤਾਂ ਸ਼ੈਤਾਨ ਡਾਕੂ ਵੀ ਨਿਕਲ ਪੈਂਦੇ ਹਨ। ਬਾਪ ਕਹਿੰਦੇ ਹਨ ਮੇਰਾ ਸ਼ੋ ਨਿਕਾਲਣ ਤੁਸੀਂ ਨਰ ਤੋਂ ਨਾਰਾਇਣ ਬਣਕੇ ਦਿਖਾਓ। ਮੇਰਾ ਵੀ ਗਾਇਨ ਹੋਵੇਗਾ, ਤੁਹਾਡਾ ਵੀ ਗਾਇਨ ਹੋਵੇਗਾ। ਤੁਸੀਂ ਵੀ ਦੇਵਤਾ ਬਣੋਗੇ। ਸਾਡਾ ਮੰਦਿਰ ਬਣੇਗਾ ਤਾਂ ਤੁਹਾਡਾ ਵੀ ਬਣੇਗਾ। ਮੁਖ ਮੰਦਿਰ ਹੋਣਾ ਚਾਹੀਦਾ ਹੈ ਇੱਕ ਸ਼ਿਵਬਾਬਾ ਦਾ। ਫਿਰ ਉਹਨਾਂ ਦੇ ਨਾਲ ਬ੍ਰਹਮਾ ਅਤੇ ਬੱਚੇ। ਦੇਲਵਾੜਾ ਮੰਦਿਰ ਵਿੱਚ ਵਰੇਇਟੀ ਹੈ ਨਾ। ਇਹ ਹੀ ਵੱਡੇ ਤੋਂ ਵੱਡੀ ਯਾਦਗਾਰ ਹੈ। ਤੁਸੀਂ ਚੇਤੰਨ ਵਿੱਚ ਬੈਠੇ ਹੋ। ਸ਼ਕਤੀ ਦੀ ਸ਼ੇਰ ਤੇ ਸਵਾਰੀ ਦਿਖਾਉਂਦੇ ਹਨ। ਮਹਾਰਥੀ ਦੀ ਹਾਥੀ ਤੇ ਵਿਖਾਉਂਦੇ ਹਨ। ਗਜ

ਨੂੰ ਗ੍ਰਾਹ ਨੇ ਹਪ ਕੀਤਾ। ਬਾਪ ਦੀ ਯਾਦ ਨਹੀਂ ਰਹਿੰਦੀ ਤਾਂ ਮਾਇਆ ਗ੍ਰਾਹ ਹਪ ਕਰ ਲੈਂਦੀ ਹੈ। ਚੰਗੇ - ਚੰਗੇ ਮਹਾਂਰਥੀਆਂ ਨੂੰ ਵੀ ਮਾਇਆ ਗ੍ਰਾਹ ਖਾ ਲੈਂਦੀ ਹੈ। ਇਸ ਵਿੱਚ ਬੜੀ ਗੰਭੀਰਤਾ ਚਾਹੀਦੀ ਹੈ ਅਤੇ ਅਭਿਮਾਨ ਨਹੀਂ ਆਉਣਾ ਚਾਹੀਦਾ - ਮੈਂ ਇਹ ਕਰਦਾ ਹਾਂ। ਜਿਨਾ ਹੋ ਸਕੇ ਹਰ ਗੱਲ ਵਿੱਚ ਮਾਤਾਵਾਂ ਨੂੰ ਅੱਗੇ ਰੱਖਣਾ ਹੈ। ਮਾਤਾ ਦਾ ਰਿਗਾਰ੍ਡ ਰੱਖਣਾ ਹੈ। ਸਭ ਚਾਬੀ ਮਾਤਾਵਾਂ ਦੇ ਹੱਥ ਵਿੱਚ ਹੋਣਾ ਚਾਹੀਦੀ ਹੈ। ਮਾਤਾਵਾਂ ਦਵਾਰਾ ਸਮਾਚਾਰ ਆਉਣਾ ਚਾਹੀਦਾ ਹੈ। ਹਾਂ ਕਿਥੇ - ਕਿਥੇ ਕੰਨਿਆ ਮਤਲਬ ਮਾਤਾ ਤੋਂ ਕੁਮਾਰ ਹੁਸ਼ਿਆਰ ਹੁੰਦੇ ਹਨ। ਉਹਨਾਂ ਨੂੰ ਫਿਰ ਰਾਏ ਲਿਖਣੀ ਹੈ। ਹੁਕਮ ਸਰਕਾਰ ਦਾ ਰਾਜ ਰਾਣੀ ਦਾ ਹੈ। ਪਹਿਲੇ ਰਾਣੀ, ਫਿਰ ਰਾਜਾ। ਪਹਿਲੇ ਮਾਤਾ ਗੁਰੂ ਚਾਹੀਦੀ ਹੈ। ਪੁਰਸ਼ ਨੂੰ ਗੁਰੂ ਬਣਾਉਣ ਦਾ ਕ਼ਾਇਦਾ ਨਹੀਂ ਹੈ। ਮਾਤਾ ਨੂੰ ਅੱਗੇ ਰੱਖਣਾ ਹੈ। ਲਾਅ ਇਵੇਂ ਕਹਿੰਦਾ ਹੈ। ਭਾਵੇਂ ਕਿਧਰੇ ਪੁਰਸ਼ ਵੀ ਨਿਮਿਤ ਬਣਦੇ ਹਨ, ਜੋ ਮਾਤਾਵਾਂ ਨੂੰ ਗਿਆਨ ਵਿੱਚ ਲੈ ਆਉਂਦੇ ਹਨ ਪਰ ਮੈਜੋਰਿਟੀ ਮਾਤਾਵਾਂ ਦੀ ਹੈ। ਹੰਕਾਰ ਨਹੀਂ ਹੋਣਾ ਚਾਹੀਦਾ - ਮੈਂ ਸਭ ਜਾਣਦਾ ਹਾਂ, ਮੈਂ ਹੁਸ਼ਿਆਰ ਹਾਂ। ਹੁਸ਼ਿਆਰ ਮਾਤਾਵਾਂ ਨੂੰ ਬਣਨਾ ਹੈ। ਮਾਤਾ ਦਵਾਰਾ ਸੈਂਟਰਜ਼ ਆਦਿ ਚਲਾਉਣਾ ਹੈ। ਅੰਤ ਵਿੱਚ ਸੰਨਿਆਸੀ ਆਦਿ ਨੂੰ ਵੀ ਮਾਤਾਵਾਂ ਦੇ ਹੀ ਬਾਣ ਲਗਣੇ ਹਨ। ਤਾਂ ਕਾਇਦੇ ਸਿਰ ਚਲਣਾ ਹੈ। ਪਰਮਪਿਤਾ ਪਰਮਾਤਮਾ ਦੀ ਨਿੰਦਾ ਕਰਨ ਵਾਲੇ ਉੱਚ ਪਦਵੀ ਪਾ ਨਹੀਂ ਸਕਦੇ। ਬਾਬਾ ਸਾਵਧਾਨ ਸਭਨੂੰ ਕਰਦੇ ਹਨ। ਬਹੁਤ ਮਿੱਠਾ ਬਣਨਾ ਹੈ। ਕਿਸੇ ਦੀ ਕੋਈ ਗੱਲ ਪਸੰਦ ਨਹੀਂ ਆਉਂਦੀ ਹੈ ਤਾਂ ਇੱਕ ਕੰਨ ਨਾਲ ਸੁਣੋ ਦੂਸਰੇ ਨਾਲ ਕੱਢ ਦਵੋ। ਕ੍ਰੋਧ ਬਹੁਤ ਨੁਕਸਾਨ ਕਰਦਾ ਹੈ। ਕੋਈ - ਕੋਈ ਲਿਖਦੇ ਹਨ - ਕਾਮ ਤੋਂ ਕ੍ਰੋਧ ਨੂੰ ਕਿਉਂ ਨਹੀਂ ਤਿੱਖਾ ਰੱਖੀਏ। ਪਰ ਨਹੀਂ। ਕਾਮ ਤਾਂ ਆਦਿ -ਮੱਧ - ਅੰਤ ਦੁੱਖ ਨੂੰ ਪ੍ਰਾਪਤ ਕਰਾਉਂਦਾ ਹੈ। ਪਤਿਤ ਪਾਵਨ ਇੱਕ ਹੀ ਬਾਪ ਗਾਇਆ ਹੋਇਆ ਹੈ। ਸੰਨਿਆਸੀ ਪਾਵਨ ਨਹੀਂ ਬਣਾ ਸਕਦੇ। ਤਾਂ ਤੁਸੀਂ ਨਵੀਆਂ ਗੱਲਾਂ ਸੁਣਦੇ ਹੋ ਉੱਚ ਤੇ ਉੱਚ ਭਗਵਾਨ ਬੱਠ ਤੁਹਾਨੂੰ ਪੜ੍ਹਾਉਂਦੇ ਹਨ। ਉਹਨਾਂ ਨੂੰ ਹੀ ਸ਼੍ਰੀ ਸ਼੍ਰੀ ਕਿਹਾ ਜਾਂਦਾ ਹੈ। ਫਿਰ ਮਨੁੱਖ ਸ੍ਰਿਸ਼ਟੀ ਵਿੱਚ ਸ਼੍ਰੀ ਲਕਸ਼ਮੀ, ਸ਼੍ਰੀ ਨਾਰਾਇਣ, ਸ਼੍ਰੀ ਰਾਮ, ਸ਼੍ਰੀ ਸੀਤਾ ਨੂੰ ਕਹਿੰਦੇ ਹਨ। ਅੱਛਾ, ਉਹਨਾਂ ਨੂੰ ਇਵੇਂ ਦਾ ਸ਼੍ਰੇਸ਼ਠ ਕਿਸਨੇ ਬਣਾਇਆ? ਸ਼੍ਰੀ ਸ਼੍ਰੀ ਸ਼ਿਵਬਾਬਾ ਨੇ ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਆਪਸ ਵਿੱਚ ਇਕਮਤ ਹੋਕੇ ਰਹਿਣਾ ਹੈ। ਇੱਕ ਦੋ ਨੂੰ ਰਿਗਾਰ੍ਡ ਦੇਣਾ ਹੈ। ਰੂਸਕੇ ਕਦੀ ਵੀ ਪੜ੍ਹਾਈ ਨਹੀਂ ਛੱਡਣੀ ਹੈ।

2. ਕ੍ਰੋਧ ਬਹੁਤ ਨੁਕਸਾਨ ਕਾਰਕ ਹੈ ਇਸਲਈ ਜੋ ਗੱਲ ਪਸੰਦ ਨਹੀਂ ਆਉਂਦੀ ਹੈ, ਉਸਨੂੰ ਇੱਕ ਕੰਨ ਤੋਂ ਸੁਣਕੇ ਦੂਸਰੇ ਕੰਨ ਤੋਂ ਕੱਢ ਦੇਣਾ ਹੈ। ਕ੍ਰੋਧ ਨਹੀਂ ਕਰਨਾ ਹੈ। ਬਹੁਤ - ਬਹੁਤ ਮਿੱਠਾ ਬਣਨਾ ਹੈ।

ਵਰਦਾਨ:- ਬੁੱਧੀ ਦਵਾਰਾ ਸ਼ੁੱਧ ਸੰਕਲਪਾਂ ਦਾ ਭੋਜਨ ਸਵੀਕਾਰ ਕਰਨ ਵਾਲੇ ਸਦਾ ਸਵੱਛ ਹੋਲੀਹੰਸ ਭਵ

ਹੋਲੀਹੰਸ ਕਦੀ ਵੀ ਬੁੱਧੀ ਦਵਾਰਾ ਸਿਵਾਏ ਗਿਆਨ ਮੋਤੀ ਦੇ ਹੋਰ ਕੁਝ ਵੀ ਸਵੀਕਾਰ ਨਹੀਂ ਕਰ ਸਕਦੇ। ਬ੍ਰਾਹਮਣ ਆਤਮਾਵਾਂ ਜੋ ਉੱਚ ਚੋਟੀ ਹਨ ਉਹ ਕਦੀ ਵੀ ਥਲੇ ਦੀਆਂ ਗੱਲਾਂ ਸਵੀਕਾਰ ਨਹੀਂ ਕਰਦੀਆਂ। ਹੋਲੀਹੰਸ ਮਤਲਬ ਸਦਾ ਸਵਛ, ਸਦਾ ਪਵਿੱਤਰ, ਪਵਿੱਤਰਤਾ ਹੀ ਸਵੱਛਤਾ ਹੈ। ਹੋਲੀਹੰਸ ਸੰਕਲਪ ਵੀ ਅਸ਼ੁੱਧ ਨਹੀਂ ਕਰ ਸਕਦੇ। ਸਦਾ ਸ਼ੁੱਧ ਸੰਕਲਪਾਂ ਦਾ ਭੋਜਨ ਖਾਣ ਵਾਲੇ ਹੋਲੀਹੰਸ ਸਦਾ ਤੰਦਰੁਸਤ ਰਹਿੰਦੇ ਹਨ। ਉਹਨਾਂ ਤੇ ਕਿਸੇ ਦਾ ਪ੍ਰਭਾਵ ਨਹੀਂ ਪੈ ਸਕਦਾ।

ਸਲੋਗਨ:- ਆਪਣੀ ਮਨਸਾ ਦਵਾਰਾ ਸ਼ਾਂਤੀ ਕੁੰਡ ਨੂੰ ਪ੍ਰਤੱਖ ਕਰਨ ਵਾਲੀ ਸ਼ਾਂਤੀ ਪ੍ਰਿਯ ਆਤਮਾ ਬਣੋ।

******